# ਅਸ਼ਟਪਦੀ

ਜਿਸ ਤਰ੍ਹਾਂ ਪਹਿਲਾਂ ਵੀ ਲਿਖਿਆ ਜਾ ਚੁੱਕਿਆ ਹੈ, ਕਿ ਅਸ਼ਟਪਦੀ ਤੋਂ ਭਾਵ ਉਸ ਰਚਨਾ ਤੋਂ ਹੈ, ਜਿਸ ਵਿੱਚ ਅੱਠ ਪਦ ਹੋਣ। ਗੁਰੂ ਸਾਹਿਬਾਨ ਤੋਂ ਪਹਿਲ ਵੀ ਇਸ ਕਾਵਿ ਸ਼ੈਲੀ ਦਾ ਪ੍ਰਯੋਗ ਭਗਤ ਕਵੀ ਅਤੇ ਸੰਗੀਤਕਾਰ ਕਰਦੇ ਰਹੇ ਹਨ। ਜੈ ਦੇਵ ਰਚਿਤ 'ਗੀਤ ਗੋਵਿੰਦ' ਦੀਆਂ ਅਸ਼ਟਪਦੀਆਂ ਭਾਰਤੀ ਸਾਹਿਤ ਅਤੇ ਸੰਗੀਤ ਦਾ ਵੱਡਮੁੱਲਾ ਸਰਮਾਇਆ ਹੈਨ। ਗੁਰੂ ਗ੍ਰੰਥ ਸਾਹਿਬ ਵਿੱ ਜੈ ਦੇਵ ਰਚਿਤ ਇਸ ਕਾਵਿ ਰੂਪ ਨੂੰ ਦਰਜ ਕੀਤਾ ਗਿਆ ਹੈ। ਸਿੱਖ ਗੁਰੂ ਸਾਹਿਬਾਨ ਨੇ ਵੀ ਅਸ਼ਟਪਦੀ ਦਾ ਪ੍ਰਯੋਗ ਕੀਤਾ। ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਰਚਿਤ ਅਸ਼ਟਪਦੀਆਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਉਦਾਹਰਣ ਦੇ ਤੌਰ ਤੇ :-

ਮਾਝ ਮਹਲਾ ੩ ਘਰੁ ੧ ॥
ਕਰਮੁ ਹੋਵੈ ਸਤਿਗੁਰੁ ਮਿਲਾਏ ॥
ਸੇਵਾ ਸੁਰਤਿ ਸਬਦਿ ਚਿਤੁ ਲਾਏ ॥

< ਆਦਿ ਗ੍ਰੰਥ, ਪੰਨਾ 109-110 >

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਪਰੋਕਤ ਅਸ਼ਟ-ਪਦੀਆਂ ਕ੍ਰਮ ਵਾਰ ਪਹਿਲੇ, ਤੀਜੇ ਅਤੇ ਪੰਜਵੇ ਗੁਰੂ ਸਾਹਿਬਾਨ ਦੀਆਂ ਹਨ। ਕਬੀਰ ਜੀ ਦੀ ਇਕ ਅਸ਼ਟਪਦੀ ਇਸ ਤਰ੍ਹਾਂ ਹੈ :-

ਭੈਰਉ ਕਬੀਰ ਜੀਉ ਅਸਟਪਦੀ ਘਰ ੨ ੴ ਸਤਿਗੁਰ ਪ੍ਰਸਾਦਿ ॥

ਅਗਮ ਦ੍ਰੁਗਮ ਗੜਿ ਰਚਿਓ ਬਾਸ ॥
ਜਾ ਮਹਿ ਜੋਤਿ ਕਰੇ ਪਰਗਾਸ ॥

ਗੁਰਬਾਣੀ ਵਿੱਚ ਅਸ਼ਟਪਦੀਆਂ ਵਿਚ ਕਿਧਰੇ - ਕਿਧਰੇ ਪਦਾਂ ਦੀ ਗਿਣਤੀ ਸੱਤ, ਨੌ, ਦਸ ਅਤੇ ਗਿਆਰਾਂ ਵੀ ਮਿਲਦੀ ਹੈ।

## ਕੀਰਤਨ ਅਤੇ ਕੀਰਤਨੀਆਂ

ਸੰਤ ਮਹਾਤਮਾਵਾਂ ਦੀ ਬਾਣੀ ਨੂੰ ਜਦੋਂ ਸੰਗੀਤ ਬੱਧ ਕਰਕੇ ਗਾਇਆ ਜਾਂਦਾ ਹੈ ਤਾਂ ਉਹ 'ਕੀਰਤਨ' ਕਹਾਉਂਦਾ ਹੈ। ਕੀਰਤਨ ਵਿੱਚ ਕਿਸੇ ਰਾਜਾ ਮਹਾਰਾਜਾ ਦੀ ਉਸਤ

ਦੀ ਬਾਣੀ ਅਧਿਆਤਮਕ ਵਿਸ਼ਿਆਂ ਨਾਲ ਭਰਪੂਰ ਕਾਵਿ ਰਚਨਾਵਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਪ੍ਰਭੂ ਦਾ ਗੁਣਗਾਨ ਹੁੰਦਾ ਹੈ। 'ਕੀਰਤਨ' ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਕੀਰਤੀ' ਤੋਂ ਬਣਿਆ ਹੈ, ਜਿਸਦਾ ਅਰਥ 'ਜਸ' ਹੈ। ਭਾਈ ਕਾਹਨ ਸਿੰਘ ਨਾਭਾ < ਮਹਾਨ ਕੋਸ਼ > ਅਨੁਸਾਰ 'ਗੁਰਮਤਿ ਵਿੱਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਂ, ਕੀਰਤਨ ਹੈ'। ਗੁਰਮਤਿ ਸੰਗੀਤ ਵਿੱਚ ਕੀਰਤਨ ਦਾ ਵਿਸ਼ਿਸ਼ਟ ਸਥਾਨ ਮੰਨਿਆ ਗਿਆ ਹੈ ਅਤੇ ਕੀਰਤਨ ਕਰਨ ਵਾਲੇ ਵਿਅਕਤੀ ਨੂੰ ਜਾਂ ਪ੍ਰਭੂ ਦੀ ਕੀਰਤੀ ਗਾਉਣ ਵਾਲੇ ਨੂੰ 'ਕੀਰਤਨਕਾਰ' ਜਾਂ 'ਕੀਰਤਨੀਆਂ' ਕਿਹਾ ਗਿਆ ਹੈ। ਗੁਰਬਾਣੀ ਵਿੱਚ ਗੁਰੂ ਸਾਹਿਬਾਨ ਕੀਰਤਨੀਆਂ ਨੂੰ ਬਹੁਤ ਆਦਰ ਦਿੱਤਾ ਹੈ :-

ਭਲੋ ਭਲੋ ਰੇ ਕੀਰਤਨੀਆਂ ॥
ਰਾਮ ਰਮਾ ਰਾਮਾ ਗੁਨ ਗਾਉ ॥

ਸਿੱਖ ਸੰਪ੍ਰਦਾਇ ਵਿੱਚ ਗੁਰੂ ਸਾਹਿਬਾਨ ਦੇ ਸਮੇਂ ਤੋਂ ਪ੍ਰਚਲਿਤ ਕੀਰਤਨ ਪਰੰਪਰਾ ਵਿੱਚ ਮੁੱਖ ਤਿੰਨ ਤਰ੍ਹਾਂ ਦੇ ਕੀਰਤਨੀਆਂ < ਕੀਰਤਨਕਾਰਾਂ > ਦਾ ਯੋਗਦਾਨ ਰਿਹਾ ਹੈ :->
ਰਬਾਬੀ, ਰਾਗੀ ਅਤੇ ਢਾਡੀ।

ਰਬਾਬੀ ਕੀਰਤਨਕਾਰਾਂ ਦੀ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਭਾਈ ਮਰਦਾਨਾਂ ਤੋਂ ਆਰੰਭ ਹੋਈ। ਰਬਾਬੀ

ਮੁਸਲਮਾਨ ਕੀਰਤਨਕਾਰ ਸਨ, ਜੋ ਕੀਰਤਨ ਕਰਨ ਦੇ ਨਾਲ-ਨਾਲ ਰਬਾਬ ਵਜਾਉਣ ਵਿੱਚ ਵੀ ਨਿਪੁੰਨ ਸਨ। ਇਸੀ ਲਈ ਉਨ੍ਹਾਂ ਨੂੰ 'ਰਬਾਬੀ' ਕਿਹਾ ਜਾਂਦਾ ਹੈ। ਰਬਾਬੀ ਕੀਰਤਨੀਆਂ ਵਿੱਚ ਭਾਈ ਮਰਦਾਨਾ, ਸੱਤਾ ਅਤੇ ਬਲਵੰਡ, ਬਾਬਕ, ਚਤਰਾ, ਸਾਦੂ ਅਤੇ ਬਾਦੂ ਕੀਰਤਨੀਆਂ ਦੇ ਨਾਂ ਵਰਨਣਯੋਗ ਹਨ। ਗੁਰਮਤਿ ਸੰਗੀਤ ਵਿੱਚ ਤਿੰਨ ਤ੍ਰਾਂ ਦੇ ਕੀਰਤਨੀਏ ਰਹੇ ਹਨ।

## ਅੰਕ

ਜਿਸ ਤਰ੍ਹਾਂ ਪਹਿਲਾਂ ਵੀ ਦੱਸਿਆ ਜਾ ਚੁੱਕਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਲਈ ਰਾਗ, ਮਹਲਾ, ਘਰੁ ਅਤੇ ਅੰਕ ਆਦਿ ਨਿਰਦੇਸ਼ ਦਿੱਤੇ ਗਏ ਹਨ। ਇਹ 'ਅੰਕ' ਇੱਕ ਸ਼ਬਦ ਦੀਆਂ ਦੋ, ਤਿੰਨ ਜਾਂ ਚਾਰ ਤੁਕਾਂ ਤੋਂ ਬਾਅਦ 1,2,3 ਅੰਕ ਦੇ ਰੂਪ ਵਿੱਚ ਲਿਖਿਆ ਹੁੰਦਾ ਹੈ, ਜਿਸ ਦੀ ਇੱਕ ਉਦਾਹਰਣ 'ਰਹਾਉ' ਦੀ ਪਰਿਭਾਸ਼ਾ ਵਿੱਚ ਦਿੱਤੇ ਹੋਏ ਉਪਰੋਕਤ ਸ਼ਬਦ ਵਿੱਚ 1,2,3 ਅੰਕ ਆਏ ਹਨ। ਇਨ੍ਹਾਂ ਅੰਕਾਂ ਦੀ ਸ਼ਬਦ ਗਾਇਨ ਪੱਖੋਂ ਬੜੀ ਮਹੱਤਤਾ ਹੈ। ਇਨ੍ਹਾਂ ਦਾ ਭਾਵ ਹੈ ਕਿ ਪਹਿਲੀ ਤੁਕ ਦੀ ਸਮਾਪਤੀ ਪਹਿਲੇ ਅੰਕ ਤੇ, ਦੂਸਰੇ ਦੀ ਸਮਾਪਤੀ ਦੂਸਰੇ ਅੰਕ ਤੇ

ਤੀਸਰੀ ਦੀ ਸਮਾਪਤੀ ਤੀਸਰੇ ਅੰਕ ਤੇ ਹੁੰਦੀ ਹੈ । 'ਰਹਾਉ' ਵਾਲੀ ਤੁਕ ਨੂੰ ਜਦੋਂ 'ਸਥਾਈ' ਬਣਾ ਕੇ ਗਾਇਆ ਜਾਂਦਾ ਹੈ, ਤਾਂ ਅੰਤਰੇ ਦੀ ਤੁਕ 'ਅੰਕ' ਤਕ ਪਹੁੰਚ ਕੇ ਹੀ ਪਹਿਲੀ ਤੁਕ ਨੂੰ ਦੁਹਰਾਇਆ ਜਾਂਦਾ ਹੈ । ਬਹੁਤ ਸਾਰੇ ਕੀਰਤਨਕਾਰ ਰਹਾਉ ਵਾਲੀ ਤੁਕ ਨੂੰ 'ਸਥਾਈ' ਬਣਾ ਕੇ ਗਾਉਂਦੇ ਹਨ ਪਰੰਤੂ ਅੰਤਰੇ ਦੀ ਤੁਕ 'ਅੰਕ' ਪਹੁੰਚਣ ਤੋਂ ਪਹਿਲਾਂ ਹੀ, ਮੁੜ ਸਥਾਈ ਵਿੱਚ ਪਰਤ ਆਉਂਦੇ ਹਨ । ਅਜਿਹਾ ਕਰਨਾ ਉਚਿਤ ਨਹੀਂ ।




ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਵਿੱਚ ਪਦੇ, ਦੁਪਦੇ, ਤਿਪਦੇ, ਚੁਪਦੇ, ਪੰਚਪਦੇ, ਛਿਪਦੇ ਅਤੇ ਅਸ਼ਟਪਦੀ ਸ਼ਬਦ ਦਾ ਪ੍ਰਯੋਗ ਆਮ ਦੇਖਣ ਵਿੱਚ ਮਿਲਦਾ ਹੈ। 'ਪਦ' ਵਾਸਤਵ ਵਿੱਚ ਸ਼ਬਦ ਰੂਪ ਹੈ । ਇਸ ਨੂੰ ਸ਼ਬਦ ਬੰਦ ਵੀ ਕਿਹਾ ਜਾ ਸਕਦਾ ਹੈ । 'ਪਦ' ਦਾ ਸਾਧਾਰਣ ਅਰਥ ਕਿਸੇ ਸ਼ਬਦ ਦੀ ਆਇਤ, ਛੰਦ ਜਾਂ ਪੰਕਤੀਆਂ ਤੋਂ ਹੈ । ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਹੋਰ ਭਗਤ ਕਵੀਆਂ ਨੇ ਵੀ 'ਪਦ' ਰਚਨਾ ਕੀਤੀ । ਇਨ੍ਹਾਂ 'ਪਦ' ਰਚਨਾਵਾਂ

ਨੂੰ ਮੱਧ ਕਾਲੀਨ ਭਾਰਤੀ ਸੰਗੀਤ ਵਿੱਚ ਪ੍ਰਚਲਿਤ ਧ੍ਰੁਪਦ ਅੰਗ ਤੋਂ ਗਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਨੇ ਵੀ ਕਈ ਤਰ੍ਹਾਂ ਦੀਆਂ ਪਦ ਰਚਨਾਵਾਂ ਕੀਤੀਆਂ, ਜੋ ਗੁਰੂ ਗ੍ਰੰਥ ਸਾਹਿਬ ਵਿੱਚ ਭਿੰਨ-ਭਿੰਨ ਰਾਗਾਂ ਵਿੱਚ ਦਰਜ ਹਨ। ਇਨ੍ਹਾਂ ਦਾ ਵਿਵਰਣ ਹੇਠ ਲਿਖੇ ਅਨੁਸਾਰ ਹੈ :→

ਇਕ ਪਦਾ :- ਇਕ ਪਦ ਵਾਲਾ ਸ਼ਬਦ ਰੂਪ ਹੈ।

ਦੁਪਦਾ :- < ਦੋ ਪਦਾ > ਉਸਨੂੰ ਕਹਿੰਦੇ ਹਨ, ਜਿਸ ਵਿੱਚ ਦੋ ਪਦ ਜਾਂ ਸ਼ਬਦ ਬੰਧ ਹੋਣ।

ਤਿਪਦਾ :- < ਤ੍ਰਿਪਦਾ > ਤਿੰਨ ਪਦਾਂ ਵਾਲੀ ਰਚਨਾ ਨੂੰ ਕਹਿੰਦੇ ਹਨ।

ਚੁਪਦ :- < ਚੌਪਦਾ > ਚਾਰ ਪਦਾਂ ਵਾਲੀ ਰਚਨਾ ਨੂੰ ਕਹਿੰਦੇ ਹਨ।

ਛਿਪਦੇ :- < ਛੇਪਦੇ > ਛੇ ਪਦਾਂ ਵਾਲੀ ਰਚਨਾ ਨੂੰ ਕਹਿੰਦੇ ਹਨ।

ਅਸ਼ਟਪਦੀ :- ਅਸ਼ਟਪਦੀ ਤੋਂ ਭਾਵ ਅੱਠ ਪਦਾਂ ਵਾਲੀ ਸ਼ਬਦ ਰਚਨਾ ਤੋਂ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੇ ਚਉਪਦੇ ਦਾ ਉਦਾਹਰਣ ਇਸ ਤਰ੍ਹਾਂ ਹੈ :-

ਰਾਗ ਧਨਾਸਰੀ ਮਹਲਾ ੧ ਘਰ ੧ ਚਉਪਦੇ
ਜੀਉ ਡਰਤੁ ਹੈ ਆਪਣਾ ਕੈ ਸਿਉ
ਕਰੀ ਪੁਕਾਰ ॥
ਦੂਖ ਵਿਸਾਰਣੁ ਸੇਵਿਆ ਸਦਾ ਸਦਾ
ਦਾਤਾਰੁ ॥੧॥